2

# ਨਵੇਂ ਨੇਮ ਵਿਚ ਗੀਤ ਅਤੇ ਸਮਝ

*''ਅਤੇ ਨਿਹਚਾ ਬਾਝੋਂ ਉਹ ਦੇ ਮਨ ਨੂੰ ਭਾਉਣਾ ਅਣਹੋਣਾ ਹੈ ਕਿਉਂਕਿ ਜਿਹੜਾ ਪ੍ਰਮੇਸ਼ਵਰ ਦੀ ਵੱਲ ਆਉਂਦਾ ਹੈ ਉਹ ਨੂੰ ਪਰਤੀਤ ਕਰਨੀ ਚਾਹੀਦੀ ਹੈ ਕਿ ਉਹ ਹੈ ਨਾਲੇ ਇਹ ਕਿ ਉਹ ਆਪਣਿਆਂ ਤਾਲਿਬਾਂ ਦਾ ਫ਼ਲਦਾਤਾ ਹੈ'' (ਇਬਰਾਨੀਆਂ 11:6)।*

ਪ੍ਰਮੇਸ਼ਵਰ ਦੀ ਇੱਛਾ ਨੂੰ ਮੰਨਣ ਦੇ ਮਨੁੱਖ ਦੇ ਜਵਾਬ ਨੂੰ ਸੰਚਾਲਿਤ ਕਰਨ ਵਾਲੇ ਪੰਜ ਸਿਧਾਂਤ ਨਵੇਂ ਅਤੇ ਪੁਰਾਣੇ ਦੋਹਾਂ ਨੇਮਾਂ ਵਿਚ ਮਿਲਦੇ ਹਨ:

(1) ਕੋਈ ਬਰਕਤ ਬਿਨਾਂ ਕਿਸੇ ਮਨੁੱਖੀ ਗੁਣ ਵਾਲੇ ਕੰਮ ਦੇ ਵਿਸ਼ਵਾਸ ਤੇ ਅਧਾਰ ਤੇ ਦਿੱਤੀ ਜਾ ਸਕਦੀ ਹੈ (ਮੱਤੀ 9:27-30)।

(2) ਕੋਈ ਬਰਕਤ ਬਿਨਾਂ ਸਵਾਲ ਕੀਤੇ ਹੁਕਮ ਮੰਨਣ ਲਈ ਜ਼ਰੂਰੀ ਵਿਸ਼ਵਾਸ ਦੇ ਅਧਾਰ ਤੇ ਯਾਨੀ ਬਰਕਤ ਦੀ ਸਮਝ ਜਾਂ ਉਸ ਵਿਚ ਵਿਸ਼ਵਾਸ ਕੀਤੇ ਬਿਨਾਂ ਦਿੱਤੀ ਜਾ ਸਕਦੀ ਹੈ (ਰਸੂਲਾਂ ਦੇ ਕੰਮ 3:4)।

(3) ਕੋਈ ਬਰਕਤ ਹਾਸਲ ਕਰਨ ਲਈ ਕੰਮ ਕਰਨ ਦੀ ਪ੍ਰੇਰਣਾ ਦੇਣ ਵਾਲੇ ਵਿਸ਼ਵਾਸ ਦੇ ਅਧਾਰ ਤੇ ਦਿੱਤੀ ਜਾ ਸਕਦੀ ਹੈ। ਸੰਸਾਰ ਤੇ ਫ਼ਤਹਿ ਪਾਉਣਾ (ਇਕ ਨਤੀਜਾ ਜਿਸ ਵਿਚ ਮਨੁੱਖੀ ਕਾਰਜ ਜ਼ਰੂਰੀ ਹੈ) ਯਿਸੂ ਵਿਚ ਵਿਸ਼ਵਾਸ ਕਾਰਣ ਹੈ (1 ਯੂਹੰਨਾ 5:4, 5)।

(4) ਕੋਈ ਬਰਕਤ ਉਸ ਵਿਸ਼ਵਾਸ ਦੇ ਅਧਾਰ ਤੇ ਕੰਮ ਕਾਰਣ ਦਿੱਤੀ ਜਾ ਸਕਦੀ ਹੈ ਜਿਸ ਵਿਚ ਕੰਮ ਅਤੇ ਪਰਿਣਾਮ ਵਿਚ ਕੋਈ ਤਰਕਸੰਗਤ ਸਬੰਧ ਨਾ ਹੋਵੇ (ਯੂਹੰਨਾ 9:1-7)।

(5) ਕੋਈ ਬਰਕਤ ਵਿਸ਼ਵਾਸ ਕਰਨ ਵਾਲੇ ਦੀ ਬਜਾਏ ਦੂਜਿਆਂ ਨੂੰ ਦਿੱਤੀ ਜਾ ਸਕਦੀ ਹੈ (ਮੱਤੀ 9:1-7)।

ਇਸ ਲਈ ਬਪਤਿਸਮਾ ਇਨ੍ਹਾਂ ਵਿੱਚੋਂ ਕਿਸੇ ਸਿਧਾਂਤ ਨਾਲ ਹੀ ਸੰਚਾਲਿਤ ਹੋਣਾ ਜ਼ਰੂਰੀ ਹੈ।

## ਵਿਸ਼ਵਾਸ ਅਤੇ ਬਿਨਾਂ ਸਵਾਲ ਕੀਤੇ ਹੁਕਮ ਮੰਨਣਾ

ਕਿਸੇ ਹੁਕਮ ਨੂੰ ਬਿਨਾਂ ਸਵਾਲ ਪੁੱਛੇ ਮੰਨਣ ਲਈ ਬਰਕਤ ਪਾਉਣ ਵਾਸਤੇ ਪ੍ਰਮੇਸ਼ਵਰ ਵਿਚ ਵਿਸ਼ਵਾਸ ਦੀ ਬਜਾਏ ਇਕ ਅਲੱਗ ਤਰ੍ਹਾਂ ਦੀ ਸਮਝ ਅਤੇ ਸੋਹਜ ਦੀ ਲੋੜ ਹੁੰਦੀ ਹੈ। ਬਿਨਾਂ ਸਵਾਲ ਕੀਤੇ ਹੁਕਮ ਮੰਨਣ ਲਈ ਸਿਰਫ਼ ਇਹੀ ਸਮਝਣਾ ਕਾਫ਼ੀ ਹੈ ਕਿ ਹੁਕਮ ਕੀ ਹੈ। ਜਦ ਕਿ ਵਿਸ਼ਵਾਸ ਲਈ ਹੁਕਮ ਮੰਨਣ ਦੇ ਨਾਲ-ਨਾਲ ਉਸ ਤੋਂ ਮਿਲਣ ਵਾਲੇ ਲਾਭ ਅਤੇ ਬਰਕਤ ਅਤੇ

ਉਸ ਹੁਕਮ ਦੇ ਨਾਲ ਜੁੜੀ ਹੋਈ ਚਿਤਾਵਨੀ ਨੂੰ ਵੀ ਸਮਝਣਾ ਜ਼ਰੂਰੀ ਹੈ। ਵਿਸ਼ਵਾਸ ਕਰਨ ਵਾਲੇ ਨੂੰ ਇਹ ਸਮਝਣ ਦੀ ਲੋੜ ਨਹੀਂ ਹੁੰਦੀ ਕਿ ਕਿਸੇ ਖ਼ਾਸ ਕੰਮ ਦੀ ਲੋੜ ਕਿਉਂ ਹੈ, ਉਸ ਨੂੰ ਕਿੱਥੇ ਕੀਤਾ ਜਾ ਸਕਦਾ ਹੈ, ਜਾਂ ਉਮੀਦ ਮੁਤਾਬਕ ਨਤੀਜਾ ਪਾਉਣ ਨਾਲ ਇਸ ਦਾ ਤਰਕਸੰਗਤ ਸਬੰਧ ਕੀ ਹੈ। ਉਸ ਨੂੰ ਐਨੀ ਹੀ ਸਮਝ ਹੋਣੀ ਕਾਫ਼ੀ ਹੈ ਕਿ ਉਹ ਉਸ ਕੰਮ ਨਾਲੋਂ ਵਧ ਕੇ ਕੁਝ ਵਿਸ਼ਵਾਸ ਨਾਲ ਉਸ ਹੁਕਮ ਨੂੰ ਸਹੀ ਢੰਗ ਨਾਲ ਮੰਨ ਸਕਦਾ ਹੈ। ਵਰਨਾ ਉਹ ਕੰਮ ਸਿਰਫ਼ ਅੱਖਾਂ ਮੀਟ ਕੇ ਹੁਕਮ ਮੰਨਣਾ ਹੀ ਰਹਿ ਜਾਵੇਗਾ। ਵਾਅਦੇ ਦੇ ਨਾਲ ਹੁਕਮ ਵਿਚ ਉਸ ਵਾਅਦੇ ਨੂੰ ਸਮਝਣਾ ਹੀ ਨਹੀਂ ਸਗੋਂ ਉਸ ਨੂੰ ਪੂਰਾ ਕਰਨ ਲਈ ਪ੍ਰਮੇਸ਼ਵਰ ਵਿਚ *ਵਿਸ਼ਵਾਸ* ਵੀ ਹੋਣਾ ਜ਼ਰੂਰੀ ਹੈ।

ਕਿਸੇ ਨੂੰ ਇਸ ਤੇ ਇਤਰਾਜ਼ ਹੋ ਸਕਦਾ ਹੈ ਕਿ ਵਿਸ਼ਵਾਸ ਦੇ ਕੰਮ ਲਈ ਆਪਣੇ ਪੁੱਤਰ ਇਸਹਾਕ ਨੂੰ ਵੇਦੀ ਤੇ ਬਲਿਦਾਨ ਕਰਨ ਲਈ ਅਬਰਾਹਾਮ ਨੂੰ ਦਿੱਤੇ ਪ੍ਰਮੇਸ਼ਵਰ ਦੇ ਹੁਕਮ ਵਿਚ ਸਮਝ ਦੀ ਨਹੀਂ ਸਗੋਂ ਅੱਖਾਂ ਮੀਟ ਕੇ ਹੁਕਮ ਮੰਨਣ ਦੀ ਲੋੜ ਸੀ। ਇਹ ਸੱਚ ਨਹੀਂ ਹੈ, ਕਿਉਂਕਿ ਪ੍ਰਮੇਸ਼ਵਰ ਨੇ ਵਾਅਦਾ ਕੀਤਾ ਸੀ ਕਿ ਇਸਹਾਕ ਦੇ ਰਾਹੀਂ ਅਬਰਾਹਾਮ ਨਾਲ ਕੀਤਾ ਉਹਦਾ ਅਹਿਦ ਪੂਰਾ ਹੋਵੇਗਾ (ਉਤਪਤ 17:17-19)। ਅਬਰਾਹਾਮ ਨੇ ਇਸ ਵਾਅਦੇ ਨੂੰ ਸਮਝਿਆ ਅਤੇ ਵਿਸ਼ਵਾਸ ਕੀਤਾ (ਇਬਰਾਨੀਆਂ 11:17-19)। ਇਸਹਾਕ ਨੂੰ ਮਾਰਨ ਨਾਲ ਇਹ ਵਾਅਦਾ ਰੱਦ ਹੋ ਜਾਣਾ ਸੀ; ਇਸ ਲਈ ਜੋ ਕੰਮ ਕਰਨਾ ਉਹਦੇ ਲਈ ਜ਼ਰੂਰੀ ਸੀ ਉਹ ਉਹਦੇ ਵਿਸ਼ਵਾਸ ਦੀ ਪਰਖ ਸੀ, ਜੋ ਪ੍ਰਮੇਸ਼ਵਰ ਦੁਆਰਾ ਕੀਤੇ ਗਏ ਵਾਅਦੇ ਦੀ ਸਮਝ ਤੇ ਅਧਾਰਤ ਸੀ।

ਵਿਸ਼ਵਾਸ ਲਈ ਨਾ ਸਿਰਫ਼ ਉਸ ਹੁਕਮ ਨਾਲ ਜੁੜੇ ਵਾਅਦੇ ਨੂੰ ਸਮਝਣਾ ਸਗੋਂ ਸਹੀ ਉਦੇਸ਼ ਲਈ ਕੰਮ ਕਰਨਾ ਵੀ ਜ਼ਰੂਰੀ ਹੈ। ਅੱਖਾਂ ਮੀਟ ਕੇ ਵਿਸ਼ਵਾਸ ਕਰਨ ਲਈ ਇਨ੍ਹਾਂ ਦੋਹਾਂ ਵਿੱਚੋਂ ਕਿਸੇ ਦੀ ਵੀ ਲੋੜ ਨਹੀਂ ਹੈ।

## ਨਵੇਂ ਨੇਮ ਦੀਆਂ ਉਦਾਹਰਣਾਂ

ਹੈਕਲ ਵਿਚ ਜਾਂਦੇ ਹੋਏ ਪਤਰਸ ਅਤੇ ਯੂਹੰਨਾ ਨੂੰ ਇਕ ਮੰਗਤਾ ਮਿਲਿਆ ਜੋ ਚਾਲੀ ਤੋਂ ਵੱਧ ਸਾਲਾਂ ਤੋਂ ਅਪਾਹਿਜ ਸੀ (ਰਸੂਲਾਂ ਦੇ ਕੰਮ 3:2; 4:22)। ਯਿਸੂ ਮਸੀਹ ਦੀ ਸ਼ਕਤੀ ਨਾਲ ਉਨ੍ਹਾਂ ਨੇ ਇਸ ਲੰਗੜੇ ਆਦਮੀ ਨੂੰ ਚੰਗਾ ਕਰ ਦਿੱਤਾ (ਰਸੂਲਾਂ ਦੇ ਕੰਮ 4:10)। ਇਸ ਘਟਨਾ ਵਿਚ ਵਿਸ਼ਵਾਸ ਤੇ ਅਧਾਰਤ ਬਿਨਾਂ ਸਵਾਲ ਕੀਤੇ ਹੁਕਮ ਮੰਨਣਾ ਅਤੇ ਉਹਦਾ ਜਵਾਬ ਸਾਫ਼ ਦਿਸਦੇ ਹਨ। ਪਤਰਸ ਨੇ ਉਸ ਆਦਮੀ ਨੂੰ ਕਿਹਾ, ''ਸਾਡੇ ਵੱਲ ਵੇਖ'' (ਰਸੂਲਾਂ ਦੇ ਕੰਮ 3:4)। ਇਸ ਹੁਕਮ ਨੂੰ ਮੰਨਣ ਲਈ ਉਹਨੂੰ ਉਨ੍ਹਾਂ ਵੱਲ ਵੇਖਣ ਦੀ ਸਮਝ ਹੋਣੀ ਜ਼ਰੂਰੀ ਨਹੀਂ ਸੀ; ਵਾਅਦਾ ਕੀਤੀ ਹੋਈ ਬਰਕਤ ਜਾਂ ਸਹੀ ਮਕਸਦ ਵਿਚ ਚੁੱਪ ਕਰਕੇ ਹੁਕਮ ਮੰਨਣ ਨੂੰ ਹੀ ਵਿਸ਼ਵਾਸ ਮੰਨਿਆ ਜਾਂਦਾ ਹੈ।

ਅਸਲ 'ਚ, ਉਸ ਆਦਮੀ ਨੇ ਉਨ੍ਹਾਂ ਵੱਲ ''ਉਨ੍ਹਾਂ ਕੋਲੋਂ ਕੁਝ ਲੱਭਣ ਦੀ ਆਸ ਕਰਕੇ'' ਗਲਤ ਮਕਸਦ ਨਾਲ ਵੇਖਿਆ ਸੀ (ਜ਼ਾਹਰ ਹੈ ਕਿ ਉਹ ਉਨ੍ਹਾਂ ਤੋਂ ਖ਼ੈਰਾਤ ਮਿਲਣ ਦੀ ਉਮੀਦ ਕਰ ਰਿਹਾ ਸੀ, ਰਸੂਲਾਂ ਦੇ ਕੰਮ 3:5)। ਪਰ ਬਿਨਾਂ ਸਵਾਲ ਕੀਤੇ ਹੁਕਮ ਮੰਨਣ ਵਿਚ, ਜਦ ਉਹਨੂੰ ''ਸਾਡੇ ਵੱਲ ਵੇਖ'' ਕਿਹਾ ਗਿਆ ਤਾਂ ਉਹਨੇ ਹੁਕਮ ਮੰਨਿਆ।

ਪਰ ਪਤਰਸ ਅਤੇ ਯੂਹੰਨਾ ਦੇ ਅਗਲੇ ਹੁਕਮ ਲਈ ਬਿਨਾਂ ਸਵਾਲ ਕੀਤੇ ਹੁਕਮ ਮੰਨਣ

ਨਾਲੋਂ ਵੱਧ ਦੀ ਲੋੜ ਸੀ, ਕਿਉਂਕਿ ਇਸ ਦਾ ਅਰਥ ਨਾ ਸਿਰਫ਼ ਬਰਕਤ ਹੀ ਸੀ ਸਗੋਂ ਇਸ ਵਿਚ ਸਮਝ ਅਤੇ ਵਿਸ਼ਵਾਸ ਹੋਣਾ ਵੀ ਜ਼ਰੂਰੀ ਸੀ। ਉਸ ਆਦਮੀ ਨੂੰ ਲਗਭਗ ਚਾਲ਼ੀ ਸਾਲ ਤੋਂ ਪਤਾ ਸੀ ਕਿ ਉਹ ਚੱਲ ਨਹੀਂ ਸਕਦਾ (ਰਸੂਲਾਂ ਦੇ ਕੰਮ 4:22)। ਚੱਲਣ ਦੀ ਕੋਸ਼ਿਸ਼ ਕਰਨ ਲਈ ਹੁਕਮ ਮੰਨਣਾ ਹੀ ਨਹੀਂ ਸਗੋਂ ਯਿਸੂ ਵਿਚ *ਵਿਸ਼ਵਾਸ* ਵੀ ਜ਼ਰੂਰੀ ਸੀ, ਜਿਸ ਦੇ ਨਾਮ ਨਾਲ ਚੱਲਣ ਦਾ ਹੁਕਮ ਦਿੱਤਾ ਗਿਆ ਸੀ (ਰਸੂਲਾਂ ਦੇ ਕੰਮ 3:6)।

ਹੁਕਮ ਵਿਚ ਦਿੱਤੇ ਵਾਅਦੇ ਨੂੰ ਸਮਝੇ ਬਿਨਾਂ ਉਹ ਉਸ ਹੁਕਮ ਤੇ *ਵਿਸ਼ਵਾਸ* ਨਾਲ ਕੰਮ ਨਹੀਂ ਕਰ ਸਕਦਾ ਸੀ। ਬਿਨਾਂ ਸਵਾਲ ਕੀਤੇ ਹੁਕਮ ਮੰਨਣਾ ਹੀ ਉਸ ਦਾ ਇੱਕੋ ਇਕ ਬਦਲ ਹੁੰਦਾ। ਯਿਸੂ ਦੇ ਨਾਂ ਨਾਲ ਚੱਲਣ ਦੇ ਵਾਅਦੇ ਦੀ ਸਮਝ ਹੋਣ ਕਰਕੇ, ਉਹ ਇਹ ਵਿਸ਼ਵਾਸ ਕਰਕੇ ਕਿ ਯਿਸੂ ਦੇ ਨਾਮ ਨਾਲ ਚੱਲ ਸਕਦਾ ਹੈ, ਵਿਸ਼ਵਾਸ ਨਾਲ ਕੰਮ ਕਰ ਸਕਿਆ (ਰਸੂਲਾਂ ਦੇ ਕੰਮ 3:16)। ਇਸ ਵਿਸ਼ਵਾਸ, ਜਿਸ ਨੂੰ ਸਿਰਫ਼ ਪ੍ਰਮੇਸ਼ਵਰ ਹੀ ਵੇਖ ਸਕਦਾ ਸੀ ਅਤੇ ਜਿਸ ਦਾ ਅਹਿਸਾਸ ਸਿਰਫ਼ ਉਹ ਆਦਮੀ ਹੀ ਕਰ ਸਕਦਾ ਸੀ, ਨੇ ਉਸ ਕੰਮ ਲਈ ਦਲੇਰ ਕੀਤਾ; ਇਹੀ ਉਹ ਅਧਾਰ ਸੀ ਜਿਸ ਤੇ ਪ੍ਰਮੇਸ਼ਵਰ ਨੇ ਉਸ ਨੂੰ ਚੰਗਾ ਕੀਤਾ। ਜੇ ਉਹਨੂੰ ਵਿਸ਼ਵਾਸ ਨਾ ਹੁੰਦਾ, ਤਾਂ ਪ੍ਰਮੇਸ਼ਵਰ ਨੇ ਉਸ ਨੂੰ ਚੰਗਾ ਨਹੀਂ ਕਰਨਾ ਸੀ। ਹਰ ਮੋਅਜਜ਼ੇ ਲਈ ਵਿਸ਼ਵਾਸ ਜ਼ਰੂਰੀ ਨਹੀਂ ਸੀ, ਪਰ ਜੇ ਕਿਸੇ ਨੂੰ ਇਹ ਸਮਝ ਹੋਵੇ ਕਿ ਮੋਅਜਜ਼ਾ ਹੋਣ ਵਾਲਾ ਹੈ ਤਾਂ ਉਸ ਵਿਚ ਵਿਸ਼ਵਾਸ ਦੀ ਕਮੀ ਹੋਣ ਤੇ ਉਹ ਮੋਅਜਜ਼ਾ ਨਹੀਂ ਹੁੰਦਾ ਸੀ (ਮੱਤੀ 13:58)।

## ਨਤੀਜੇ ਵਿਚ ਵਿਸ਼ਵਾਸ

ਨਵੇਂ ਅਤੇ ਪੁਰਾਣੇ ਦੋਹਾਂ ਨੇਮਾਂ ਵਿਚ ਜਿੱਥੇ ਵੀ ਪ੍ਰਮੇਸ਼ਵਰ ਨੇ ਉਹਦੀ ਸਮਰੱਥਾ ਵਿਚ ਵਿਸ਼ਵਾਸ ਅਤੇ ਵਾਅਦਾ ਕੀਤੀ ਹੋਈ ਉਹਦੀ ਬਰਕਤ ਵਿਚ ਵਿਸ਼ਵਾਸ ਤੇ ਅਧਾਰਤ ਬਰਕਤ ਦੇਣ ਦਾ ਵਾਅਦਾ ਕੀਤਾ, ਉੱਥੇ ਬਰਕਤ ਦੇਣ ਤੋਂ ਪਹਿਲਾਂ ਵਿਸ਼ਵਾਸ ਅਤੇ ਸਹੀ ਜਵਾਬ ਜ਼ਰੂਰੀ ਹੁੰਦਾ ਸੀ।

ਯਿਸੂ ਨੇ ਆਪਣੇ ਹੀ ਇਲਾਕੇ ਵਿਚ ਲੋਕਾਂ ਦੇ ਅਵਿਸ਼ਵਾਸ ਕਾਰਣ ਬਹੁਤ ਮੋਅਜਜ਼ੇ ਨਹੀਂ ਕੀਤੇ ਸਨ (ਮੱਤੀ 13:58)। ਇਹਦਾ ਮਤਲਬ ਇਹ ਹੈ ਕਿ ਭਾਵੇਂ ਲੋਕਾਂ ਨੇ ਜ਼ਾਹਰਾ ਤੌਰ ਤੇ ਉਹਦੀਆਂ ਗੱਲਾਂ ਮੰਨੀਆਂ ਸਨ ਪਰ ਉਨ੍ਹਾਂ ਦੇ ਅਵਿਸ਼ਵਾਸ ਕਾਰਣ ਕੋਈ ਮੋਅਜਜ਼ਾ ਨਹੀਂ ਹੋਇਆ ਸੀ। ਕਈ ਥਾਂ ਯਿਸੂ ਨੇ ਬਿਮਾਰ ਨੂੰ ਉਸ ਤੇ ਵਿਸ਼ਵਾਸ ਦੇ ਕਾਰਣ ਚੰਗਾ ਕੀਤਾ, ਜਿਸ ਵਿਚ ਉਸ ਵੱਲੋਂ ਕੋਈ ਕੰਮ ਨਹੀਂ ਕੀਤਾ ਗਿਆ ਸੀ (ਮੱਤੀ 9:27-29)। ਹੋਰਨਾਂ ਲੋਕਾਂ ਨਾਲ, ਉਨ੍ਹਾਂ ਨੂੰ ਚੰਗਾਈ ਦੇਣ ਤੋਂ ਪਹਿਲਾਂ ਉਹਨੇ ਕੰਮ ਕਰਨ ਲਈ ਆਖਿਆ ਸੀ (ਯੂਹੰਨਾ 9:1-7), ਅਤੇ ਉਹਨੇ ਕਈਆਂ ਨੂੰ ਉਨ੍ਹਾਂ ਦੇ ਸਾਥੀਆਂ ਦੇ ਵਿਸ਼ਵਾਸ ਕਾਰਣ ਚੰਗਾ ਕੀਤਾ ਸੀ (ਮੱਤੀ 9:1-7)।

ਵਿਸ਼ਵਾਸ ਅਤੇ *ਸਹੀ ਜਵਾਬ* ਤੇ ਅਧਾਰਤ ਬਰਕਤ ਲਈ ਹੁਕਮ ਮੰਨਣ ਵਾਲਾ ਹੋਣ ਦੀ ਹੀ ਨਹੀਂ ਸਗੋਂ ਇਸ ਵਿਸ਼ਵਾਸ ਦੀ ਵੀ ਲੋੜ ਹੁੰਦੀ ਹੈ ਕਿ ਪ੍ਰਮੇਸ਼ਵਰ ਉਸ ਵਾਅਦੇ ਨੂੰ ਪੂਰਾ ਕਰੇਗਾ ਜਿਸ ਨੂੰ ਅਸੀਂ ਸਮਝਦੇ ਹਾਂ। ਜੇ ਇਹ ਸੱਚ ਨਹੀਂ ਹੈ, ਤਾਂ ਵਿਸ਼ਵਾਸ ਵੀ ਜ਼ਰੂਰੀ ਨਹੀਂ ਹੈ, ਕਿਉਂਕਿ *ਜੇ ਕਿਸੇ ਨੂੰ ਸਮਝ ਹੀ ਨਹੀਂ ਹੈ ਕਿ ਪ੍ਰਮੇਸ਼ਵਰ ਨੇ ਜਿਹੜਾ ਵਾਅਦਾ ਕੀਤਾ ਹੈ ਉਹ ਉਸ ਨੂੰ ਪੂਰਾ ਕਰੇਗਾ ਤਾਂ ਉਸ ਨੂੰ ਪ੍ਰਮੇਸ਼ਵਰ ਤੇ ਵਿਸ਼ਵਾਸ ਕਿਵੇਂ ਹੋ ਸਕਦਾ ਹੈ?* ਪੌਲੁਸ ਦੇ ਮੁਤਾਬਕ, ਅਬਰਾਹਾਮ ਨੂੰ ਚੰਗੀ ਤਰਾਂ ਸਮਝ ਸੀ ਕਿ ਪ੍ਰਮੇਸ਼ਵਰ ''ਜਿਹਦਾ ਉਸ ਨੇ ਬਚਨ ਦਿੱਤਾ

ਉਸ ਦੇ ਪੂਰਿਆਂ ਕਰਨ ਨੂੰ ਵੀ ਸਮਰਥ ਹੈ'' (ਰੋਮੀਆਂ 4:20, 21)। ਵਿਸ਼ਵਾਸ ਲਈ ਹੁਕਮ ਮੰਨਣਾ ਹੀ ਨਹੀਂ ਸਗੋਂ ਇਹ ਸਮਝ ਹੋਣੀ ਵੀ ਜ਼ਰੂਰੀ ਹੈ ਕਿ ਪ੍ਰਮੇਸ਼ਵਰ ਆਪਣੇ ਵਾਅਦੇ ਨੂੰ ਪੂਰਾ ਕਰਨ ਵਿਚ ਸਮਰਥ ਅਤੇ ਉਹਨੂੰ ਪੂਰਾ ਕਰਨ ਲਈ ਤਿਆਰ ਹੈ (ਵੇਖੋ ਮੱਤੀ 9:28)।

## ਇਰਾਦਾ, ਉਦੇਸ਼ ਅਤੇ ਕੰਮ

ਯਿਸੂ ਅਤੇ ਰਸੂਲਾਂ ਨੇ ਸਾਫ਼ ਸਿਖਾਇਆ ਕਿ ਸਹੀ ਕੰਮ ਦੇ ਨਾਲ-ਨਾਲ ਸਹੀ ਇਰਾਦਾ ਅਤੇ ਮਕਸਦ ਹੋਣਾ ਵੀ ਜ਼ਰੂਰੀ ਹੈ। ਆਪਣੇ ਆਪ ਵਿਚ ਨਾ ਤਾਂ ਸਹੀ ਕੰਮ ਅਤੇ ਨਾ ਸਹੀ ਮਕਸਦ ਜਾਂ ਇਰਾਦਾ ਖ਼ੁਦਾ ਨੂੰ ਮੰਜ਼ੂਰ ਹੈ।

### ਧਰਮ ਦੇ ਕੰਮ

ਯਿਸੂ ਨੇ ਸਿਖਾਇਆ ਕਿ ਗਲਤ ਮਕਸਦ ਨਾਲ ਕੀਤੇ ਧਰਮ ਦੇ ਕੰਮਾਂ ਲਈ ਪ੍ਰਮੇਸ਼ਵਰ ਵੱਲੋਂ ਕੋਈ ਫ਼ਲ ਨਹੀਂ ਮਿਲਦਾ। ਉਹਨੇ ਕਿਹਾ, ''ਖ਼ਬਰਦਾਰ, ਤੁਸੀਂ ਆਪਣੇ ਧਰਮ ਦੇ ਕੰਮ ਮਨੁੱਖਾਂ ਦੇ ਸਾਹਮਣੇ ਉਨ੍ਹਾਂ ਨੂੰ ਵਿਖਾਉਣ ਲਈ ਨਾ ਕਰੋ ਨਹੀਂ ਤਾਂ ਤੁਹਾਡੇ ਪਿਤਾ ਕੋਲ ਜਿਹੜਾ ਸਵਰਗ ਵਿਚ ਹੈ ਤੁਹਾਡਾ ਕੁਝ ਫਲ ਨਹੀਂ'' (ਮੱਤੀ 6:1)। ਪ੍ਰਮੇਸ਼ਵਰ ਚਾਹੁੰਦਾ ਹੈ ਕਿ ਲੋਕ ਧਰਮ ਦੇ ਕੰਮ ਕਰਨ (ਰਸੂਲਾਂ ਦੇ ਕੰਮ 10:35); ਪਰ ਸਹੀ ਇਰਾਦੇ ਅਤੇ ਮਕਸਦ ਦੇ ਬਿਨਾਂ ਧਰਮ ਦੇ ਕੰਮ ਕਰਨਾ ਪ੍ਰਮੇਸ਼ਵਰ ਨੂੰ ਨਾਮੰਜ਼ੂਰ ਹੈ। *ਉਹਦੀ ਦਿਲਚਸਪੀ ਕੰਮ ਦੇ ਨਾਲ ਨਾਲ ਇਰਾਦੇ ਅਤੇ ਮਕਸਦ ਵਿਚ ਵੀ ਹੈ।*

*ਸਤਾਅ ਸਹਿਣਾ।* ਜੇ ਕੋਈ ਧਰਮ ਦੇ ਕਾਰਣ ਸਤਾਇਆ ਜਾਂਦਾ ਹੈ ਤਾਂ ਅਜਿਹਾ ਸਤਾਅ ਪ੍ਰਮੇਸ਼ਵਰ ਨੂੰ ਮੰਜ਼ੂਰ ਹੈ (ਮੱਤੀ 5:10)। ਕੁਝ ਲੋਕ ਮਨੁੱਖਾਂ ਤੋਂ ਵਡਿਆਈ ਪਾਉਣ ਲਈ ਸਤਾਅ ਸਹਿਣਾ ਚਾਹੁੰਦੇ ਹਨ, ਪਰ ਜੇ ਕੋਈ ਆਪਣੀ ਦੇਹ ਸੜਨ ਲਈ ਵੀ ਦੇ ਦੇਵੇ ਪਰ ਉਹਦਾ ਮਕਸਦ ਗਲਤ ਹੋਵੇ, ਤਾਂ ਉਨ੍ਹਾਂ ਨੂੰ ਇਸ ਨਾਲ ਕੁਝ ਲਾਭ ਨਹੀਂ ਹੋਵੇਗਾ (1 ਕੁਰਿੰਥੀਆਂ 13:3)। ਪ੍ਰਮੇਸ਼ਵਰ ਦੀ ਦਿਲਚਸਪੀ ਕੰਮ ਦੇ ਨਾਲ-ਨਾਲ ਮਕਸਦ ਵਿਚ ਵੀ ਹੈ।

*ਦੇਣਾ।* ਪ੍ਰਮੇਸ਼ਵਰ ਨੇ ਆਪਣੇ ਮੰਨਣ ਵਾਲਿਆਂ ਨੂੰ ਗਰੀਬਾਂ ਦੀ ਮਦਦ ਕਰਨ ਦਾ ਹੁਕਮ ਦਿੱਤਾ ਸੀ (ਗਲਾਤੀਆਂ 2:10)। ਗਲਤ ਮਕਸਦ ਨਾਲ ਦਾਨ ਦੇਣ ਵਾਲੇ ਲੋਕ ਗਰੀਬਾਂ ਦੀ ਮਦਦ ਤਾਂ ਕਰ ਸਕਦੇ ਹਨ, ਪਰ ਉਨ੍ਹਾਂ ਨੂੰ ਪ੍ਰਮੇਸ਼ਵਰ ਕੋਲੋਂ ਕੋਈ ਫ਼ਲ ਨਹੀਂ ਮਿਲੇਗਾ (ਮੱਤੀ 6:2-4; 1 ਕੁਰਿੰਥੀਆਂ 13:3)।

ਪੌਲੁਸ ਨੇ ਇਹ ਕਹਿੰਦਿਆਂ ਯਿਸੂ ਦੀ ਗੱਲ ਦੁਹਰਾਈ ਸੀ ਕਿ ''ਲੈਣ ਨਾਲੋਂ ਦੇਣਾ ਹੀ ਮੁਬਾਰਕ ਹੈ'' (ਰਸੂਲਾਂ ਦੇ ਕੰਮ 20:35)। ਦਾਨ ਦੇਣਾ ਖ਼ੁਦਾ ਵਾਂਗ ਜੋ ਖ਼ੁਦ ਇਕ ਦਾਨੀ ਹੈ (ਯੂਹੰਨਾ 3:16), ਅਤੇ ਉਸ ਦੇ ਪੁੱਤਰ ਵਰਗਾ ਬਣਨਾ ਹੈ ਜੋ ਦਾਨੀ ਹੋਣ ਵਿਚ ਸਾਡੇ ਲਈ ਨਮੂਨਾ ਹੈ (ਗਲਾਤੀਆਂ 2:20)। ਹੁਕਮ ਪੂਰਾ ਕਰਨ ਲਈ ''ਰੰਜ ਨਾਲ ਅਥਵਾ ਲਚਾਰੀ ਨਾਲ'' ਦਿੱਤੇ ਦਾਨ ਦੀ ਪ੍ਰਮੇਸ਼ਵਰ ਨੂੰ ਲੋੜ ਨਹੀਂ ਹੈ (2 ਕੁਰਿੰਥੀਆਂ 9:7)। ਜੇ ਉਸ ਕੰਮ ਨੂੰ ਕਰਨ ਵਾਲੇ ਬੰਦੇ ਦਾ ਸਹੀ ਮਕਸਦ ਨਹੀਂ ਹੈ ਤਾਂ ਖ਼ੁਦਾ ਦੀ ਨਜ਼ਰ ਵਿਚ ਉਹ ਕੰਮ ਬੇਕਾਰ ਹੈ।

*ਦੁਆ ਅਤੇ ਰੋਜ਼ਾ।* ਦੁਆ ਅਤੇ ਰੋਜ਼ਾ ਰੱਖਣ ਵਾਲਿਆਂ ਤੋਂ ਖ਼ੁਦਾ ਉਮੀਦ ਕਰਦਾ ਹੈ ਕਿ ਉਨ੍ਹਾਂ ਦਾ ਮਕਸਦ ਸਹੀ ਹੋਵੇ (ਮੱਤੀ 6:5-7, 16-18)। ਲੋਕਾਂ ਨੂੰ ਵਖਾਉਣ ਲਈ ਕੀਤੀ ਗਈ ਦੁਆ ਅਤੇ ਰੋਜ਼ੇ ਨੂੰ ਪ੍ਰਮੇਸ਼ਵਰ ਨਕਾਰਦਾ ਹੈ (ਮੱਤੀ 6:5-7)। ਸਹੀ ਮਕਸਦ ਦੇ ਬਿਨਾਂ

ਕੀਤਾ ਗਿਆ ਕੰਮ ਖ਼ੁਦਾ ਨੂੰ ਨਾਮੰਜ਼ੂਰ ਹੈ।

*ਸਿੱਖਿਆ।* ਖ਼ੁਦਾ ਚਾਹੁੰਦਾ ਹੈ ਕਿ ਉਹਦੇ ਮੰਨਣ ਵਾਲੇ ਹੋਰਨਾਂ ਨੂੰ ਸਿਖਾਉਣ (2 ਤਿਮੋਥਿਉਸ 2:2)। ਉਹਨੂੰ ਉਨ੍ਹਾਂ ਲੋਕਾਂ ਦੁਆਰਾ ਦਿੱਤੀ ਸਹੀ ਸਿੱਖਿਆ ਤਾਂ ਕਬੂਲ ਹੈ ਜਿਨ੍ਹਾਂ ਦਾ ਉਦੇਸ਼ ਸਹੀ ਨਹੀਂ ਹੁੰਦਾ (ਫ਼ਿਲਿੱਪੀਆਂ 1:15-18), ਪਰ ਸਹੀ ਮਕਸਦ ਦੇ ਬਿਨਾਂ ਸਹੀ ਸਿੱਖਿਆ ਦੇਣ ਵਾਲਾ *ਬੰਦਾ* ਪ੍ਰਮੇਸ਼ਵਰ ਨੂੰ ਖੁਸ਼ ਨਹੀਂ ਕਰ ਸਕਦਾ (1 ਕੁਰਿੰਥੀਆਂ 9:16, 17)। ਉਹਦਾ ਕੰਮ ਸਹੀ ਹੋ ਸਕਦਾ ਹੈ, ਪਰ ਜੇ ਉਹਦਾ ਮਕਸਦ ਗਲਤ ਹੈ ਤਾਂ ਉਹਦਾ ਕੰਮ ਖ਼ੁਦਾ ਨੂੰ ਨਾਮੰਜ਼ੂਰ ਹੈ।

*ਗੀਤ ਗਾਉਣਾ।* ਗਾਉਣਾ ਪ੍ਰਮੇਸ਼ਵਰ ਦਾ ਹੁਕਮ ਹੈ (ਅਫ਼ਸੀਆਂ 5:19; ਕੁਲੁੱਸੀਆਂ 3:16); ਪਰ ਗਾਉਣਾ ਇਸ ਲਈ ਹੀ ਕਾਫ਼ੀ ਨਹੀਂ ਹੈ ਕਿ ਇਹ ਪ੍ਰਮੇਸ਼ਵਰ ਦਾ ਹੁਕਮ ਹੈ। ਪ੍ਰਮੇਸ਼ਵਰ ਇਹ ਵੀ ਚਾਹੁੰਦਾ ਹੈ ਕਿ ਗਾਉਣਾ ਪ੍ਰਭੂ ਲਈ ਦਿਲ ਦੀਆਂ ਤਾਰਾਂ ਨਾਲ ਜੁੜਿਆ ਹੋਵੇ (ਅਫ਼ਸੀਆਂ 5:19)। ਗਾਉਣ ਦੀ ਕਿਰਿਆ ਨੂੰ ਪ੍ਰਮੇਸ਼ਵਰ ਲਈ ਕਬੂਲਣ ਯੋਗ ਬਣਾਉਣ ਲਈ ਇਹਦਾ ਮਕਸਦ ਅਤੇ ਇਰਾਦਾ ਵੀ ਸਹੀ ਹੋਣਾ ਜ਼ਰੂਰੀ ਹੈ।

*ਪ੍ਰਭੂ ਭੋਜ।* ਪ੍ਰਭੂ ਭੋਜ ਪ੍ਰਮੇਸ਼ਵਰ ਦੁਆਰਾ ਦਿੱਤਾ ਗਿਆ ਇਕ ਹੋਰ ਹੁਕਮ ਹੈ (1 ਕੁਰਿੰਥੀਆਂ 11:23-26)। ਪ੍ਰਭੂ ਭੋਜ ਖਾਣ ਅਤੇ ਪੀਣ ਵਾਲੇ ਮਸੀਹੀ ਤੋਂ ਅਸੀਂ ਪੁੱਛ ਸਕਦੇ ਹਾਂ, ''ਤੁਸੀਂ ਇਸ ਨੂੰ ਕਿਉਂ ਲੈ ਰਹੇ ਹੋ?''

ਹੋ ਸਕਦਾ ਹੈ ਕਿ ਉਹਦਾ ਜਵਾਬ ਹੋਵੇ, ''ਖ਼ੁਦਾ ਨੇ ਮੈਨੂੰ ਇਸ ਰੋਟੀ ਵਿੱਚੋਂ ਖਾਣ ਅਤੇ ਪਿਆਲੇ ਵਿੱਚੋਂ ਪੀਣ ਦਾ ਹੁਕਮ ਦਿੱਤਾ ਹੈ।''

ਅਸੀਂ ਪੁੱਛ ਸਕਦੇ ਹਾਂ, ''ਖਾਣ ਅਤੇ ਪੀਣ ਦਾ ਤੁਹਾਡਾ ਮਕਸਦ ਕੀ ਹੈ?''

ਉਹਦਾ ਜਵਾਬ ਇਹ ਵੀ ਹੋ ਸਕਦਾ ਹੈ, ''ਖ਼ੁਦਾ ਨੇ ਮੈਨੂੰ ਇਸ ਨੂੰ ਖਾਣ ਅਤੇ ਪੀਣ ਦਾ ਹੁਕਮ ਦਿੱਤਾ ਹੈ।''

ਫੇਰ ਅਸੀਂ ਪੁੱਛ ਸਕਦੇ ਹਾਂ, ''ਭਲਾ ਖਾਣ ਅਤੇ ਪੀਣ ਦਾ ਕੋਈ ਮਕਸਦ ਨਹੀਂ ਹੈ?''

ਜਵਾਬ ਮਿਲ ਸਕਦਾ ਹੈ, ''ਮਕਸਦ ਦਾ ਤਾਂ ਮੈਨੂੰ ਪਤਾ ਨਹੀਂ ਪਰ ਖ਼ੁਦਾ ਨੇ ਇਹਦਾ ਹੁਕਮ ਦਿੱਤਾ ਹੈ ਇਸ ਲਈ ਮੈਂ ਇਸ ਨੂੰ ਪੂਰਾ ਕਰ ਰਿਹਾ ਹਾਂ।''

ਅਜਿਹਾ ਜਵਾਬ ਰੋਟੀ ਅਤੇ ਯਿਸੂ ਦੀ ਦੇਹ, ਪਿਆਲੇ ਅਤੇ ਯਿਸੂ ਦੇ ਲਹੂ ਦੇ ਸਬੰਧ ਨੂੰ *ਸਮਝੇ ਬਿਨਾਂ* ਹੁਕਮ ਪੂਰਾ ਕਰਨਾ ਹੈ।

ਇਸ ਵਿਚ ਕੰਮ ਨੂੰ ਤਾਂ ਸਹੀ ਮੰਨਿਆ ਜਾਵੇਗਾ ਪਰ ਇਹਦਾ ਮਕਸਦ ਅਤੇ ਇਰਾਦਾ ਗਲਤ ਹੈ। ਕੰਮ ਆਪਣੇ ਆਪ ਵਿਚ ਕੁਝ ਵੀ ਨਹੀਂ ਹੈ, ਕਿਉਂਕਿ ਕੰਮ ਦੇ ਖ਼ੁਦਾ ਨੂੰ ਕਬੂਲ ਹੋਣ ਲਈ ਮਕਸਦ ਅਤੇ ਇਰਾਦੇ ਦਾ ਸਹੀ ਹੋਣਾ ਵੀ ਜ਼ਰੂਰੀ ਹੈ (1 ਕੁਰਿੰਥੀਆਂ 11:27-31)।

**ਇਰਾਦਾ ਅਤੇ ਉਦੇਸ਼**

ਜ਼ਿਆਦਾਤਰ ਮਾਮਲਿਆਂ ਵਿਚ ਕਿਸੇ ਕੰਮ ਦੇ ਉਦੇਸ਼ ਤੋਂ ਹੀ ਪਤਾ ਲਗਦਾ ਹੈ ਕਿ ਉਹ ਕੰਮ ਸਹੀ ਹੈ ਜਾਂ ਗਲਤ। ਜੇ ਸਿਰਫ਼ ਇਰਾਦਾ ਹੀ ਗਲਤ ਹੋਵੇ ਤਾਂ ਕੁਝ ਚੀਜ਼ਾਂ ਗਲਤ ਹੁੰਦੀਆਂ ਹਨ। ਹੋਰ ਕੰਮ ਜਿਵੇਂ ਵਿਭਚਾਰ ਜਾਂ ਸ਼ਰਾਬੀ ਹੋਣਾ, ਇਰਾਦਾ ਨਾ ਹੋਣ ਤੇ ਵੀ ਆਪਣੇ ਆਪ ਵਿਚ ਪਾਪਪੂਰਣ ਕੰਮ ਹਨ।

ਯਿਸੂ ਨੇ ਕਿਹਾ ਸੀ, ''ਜੋ ਕੋਈ ਤੀਵੀਂ ਨੂੰ ਬੁਰੀ ਇੱਛਿਆ ਕਰ ਕੇ ਵੇਖਦਾ ਹੈ ਸੋ ਤਦੋਂ ਹੀ ਆਪਣੇ ਮਨੋਂ ਉਹ ਦੇ ਨਾਲ ਜ਼ਨਾਹ ਕਰ ਚੁਕਿਆ'' (ਮੱਤੀ 5:28)। ਯਿਸੂ ਨੇ ਇਹ ਨਹੀਂ

ਕਿਹਾ ਕਿ ਔਰਤ ਨੂੰ ਇਸ ਨਜ਼ਰ ਨਾਲ ਵੇਖਣਾ ਮਨ ਵਿਚ ਜ਼ਨਾਹ ਜਾਂ ਵਿਭਚਾਰ ਹੈ, ਕਿਉਂਕਿ ਉਸ ਨੂੰ ਗਲਤ ਇਰਾਦੇ ਨਾਲ ਨਾ ਵੇਖਣਾ ਮਨ ਵਿਚ ਵਿਭਚਾਰ ਨਹੀਂ ਹੈ। ਆਪਣੀ ਵਾਸਨਾ ਦੀ ਭੁੱਖ ਮਿਟਾਉਣ ਲਈ ਔਰਤ ਵੱਲ ਤੱਕਣ ਵਾਲਾ, ਮਨ ਵਿਚ ਉਸ ਨਾਲ ਵਿਭਚਾਰ ਕਰ ਚੁਕਾ ਹੁੰਦਾ ਹੈ। ਜਿਸ ਵਿਚ ਵੇਖਣ ਦਾ ਇਹ ਕੰਮ ਨਾ ਤਾਂ ਸਹੀ ਹੈ ਅਤੇ ਨਾ ਗਲਤ। ਗਲਤ ਤਾਂ ਇਹਦਾ ਮਕਸਦ ਹੈ।

ਬਹੁਤ ਸਾਰੇ ਕੰਮ ਉਸ ਵਿਚ ਲੱਗੇ ਆਦਮੀ ਦੇ ਮਕਸਦ ਮੁਤਾਬਕ ਸਹੀ ਜਾਂ ਗਲਤ ਹੁੰਦੇ ਹਨ। ਪ੍ਰਮੇਸ਼ਵਰ ਦੁਆਰਾ ਦਿੱਤੇ ਹੁਕਮ ਨੂੰ ਮੰਨਣਾ ਜ਼ਰੂਰੀ ਹੈ, ਪਰ ਇਸ ਤਰ੍ਹਾਂ ਹੁਕਮ ਨੂੰ ਮੰਨਣਾ ਹੀ ਕਾਫ਼ੀ ਨਹੀਂ ਹੈ। ਪ੍ਰਮੇਸ਼ਵਰ ਸਿਰਫ਼ ਉਹੀ ਹੁਕਮ ਮੰਨੇ ਜਾਣ ਨੂੰ ਮੰਨਦਾ ਹੈ ਜਿਹੜਾ ਸਹੀ ਮਕਸਦ ਲਈ ਹੈ।

## ਸਾਰ

ਨਵੇਂ ਨੇਮ ਵਿਚ ਪ੍ਰਮੇਸ਼ਵਰ ਚਾਹੁੰਦਾ ਹੈ ਕਿ ਵਿਸ਼ਵਾਸ ਤੇ ਅਧਾਰਤ ਹਰ ਕੰਮ ਸਹੀ ਸਮਝ, ਇਰਾਦੇ ਅਤੇ ਮਕਸਦ ਨਾਲ ਹੋਵੇ। ਜੇ ਪ੍ਰਮੇਸ਼ਵਰ ਦੀ ਇੱਛਾ ਕਿਸੇ ਅਜਿਹੇ ਕੰਮ ਵੱਲ ਹੁੰਦੀ ਹੈ ਜਿਸ ਵਿਚ ਸਹੀ ਸਮਝ ਅਤੇ ਮਕਸਦ ਤੇ ਅਧਾਰਤ ਜਵਾਬ ਦੀ ਲੋੜ ਨਾ ਹੋਵੇ ਤਾਂ *ਉਹ ਬਰਕਤ* ਦੇ ਵਿਸ਼ਵਾਸ ਦੇ ਕੰਮ ਨੂੰ ਨਹੀਂ ਸਗੋਂ ਅੱਖਾਂ ਮੀਟ ਕੇ ਹੁਕਮ ਮੰਨਣ ਨੂੰ ਚਾਹੁੰਦਾ ਹੈ। ਆਗਿਆਕਾਰੀ ਵਿਸ਼ਵਾਸ (ਰੋਮੀਆਂ 1:5; ਅਫ਼ਸੀਆਂ 2:8; ਇਬਰਾਨੀਆਂ 5:9) ਮੁਕਤੀ ਦਾ ਅਧਾਰ ਹੈ ਜਿਸ ਵਿਚ ਪ੍ਰਮੇਸ਼ਵਰ ਦੇ ਵਾਅਦੇ ਵਿਚ ਸਮਝ ਹੋਣਾ ਜ਼ਰੂਰੀ ਹੈ। ਨਹੀਂ ਤਾਂ ਹੁਕਮ ਮੰਨਣ ਪ੍ਰਮੇਸ਼ਵਰ ਦੇ ਵਾਅਦੇ ਵਿਚ ਵਿਸ਼ਵਾਸ ਦਾ ਨਹੀਂ ਸਗੋਂ ਅੱਖਾਂ ਮੀਟ ਕੇ ਹੁਕਮ ਮੰਨਣਾ ਦਾ ਕੰਮ ਹੈ। ਬਿਨਾਂ ਸਵਾਲ ਕੀਤੇ ਜਾਂ ਅੱਖਾਂ ਮੀਟ ਕੇ ਹੁਕਮ ਮੰਨਣ ਦੇ ਕੰਮਾਂ ਵਿਚ ਵਿਸ਼ਵਾਸ ਕਰਨ ਵਾਲੇ ਦੀ ਸਹੀ ਸਮਝ, ਇਰਾਦੇ ਅਤੇ ਉਦੇਸ਼ ਦੇ ਬਿਨਾਂ ਪ੍ਰਮੇਸ਼ਵਰ ਨੂੰ ਮੰਨਣ ਵਾਲੇ ਲੋਕਾਂ ਨੂੰ ਇਹ ਮੰਨਣ ਤੋਂ ਪਹਿਲਾਂ ਕਿ ਅਜਿਹੇ ਕੰਮ ਮੁਕਤੀ ਦੁਆ ਸਕਦੇ ਹਨ, ਇਹਦੇ ਅਸਰ ਦੀਆਂ ਉਦਾਹਰਣਾਂ ਅਤੇ ਵਾਕਾਂ ਦੀ ਖੋਜ ਕਰਨੀ ਚਾਹੀਦੀ ਹੈ।

ਵਿਸ਼ਵਾਸ ਦੇ ਨਿਯਮ ਵਿਚ ਹੇਠ ਲਿਖੀਆਂ ਗੱਲਾਂ ਸ਼ਾਮਲ ਹਨ:

(1) ਸਮਝ ਹੋਣੀ ਜ਼ਰੂਰੀ ਹੈ ਕਿ ਕੀ ਵਾਅਦਾ ਕੀਤਾ ਗਿਆ ਹੈ। ਵਿਸ਼ਵਾਸ ਪ੍ਰਮੇਸ਼ਵਰ ਦਾ ਵਚਨ ਸੁਣਨ ਨਾਲ (ਰੋਮੀਆਂ 10:17) ਭਾਵ ਉਹਨੂੰ ਸਮਝਣ ਨਾਲ ਆਉਂਦਾ ਹੈ।

(2) ਇਹ *ਵਿਸ਼ਵਾਸ* ਕਰਨਾ ਜ਼ਰੂਰੀ ਹੈ ਕਿ ਪ੍ਰਮੇਸ਼ਵਰ ਆਪਣੇ ਵਾਅਦੇ ਨੂੰ ਕਰਨ ਵਿਚ ਸਮਰਥ ਹੈ। ਪੌਲੁਸ ਨੇ ਲਿਖਿਆ ਹੈ ਕਿ ਅਬਰਾਹਾਮ ''ਨੂੰ ਪੱਕੀ ਨਿਹਚਾ ਸੀ ਭਈ ਜਿਹ ਦਾ ਉਸ ਨੇ ਬਚਨ ਦਿੱਤਾ ਉਸ ਦੇ ਪੂਰਿਆਂ ਕਰਨ ਨੂੰ ਵੀ ਸਮਰੱਥ ਹੈ'' (ਰੋਮੀਆਂ 4:21)।

(3) ਵਾਅਦਾ ਕਰਨ ਵਾਲੇ ਨੂੰ *ਵਿਸ਼ਵਾਸ ਯੋਗ* ਮੰਨਣਾ ਜ਼ਰੂਰੀ ਹੈ। ਖ਼ੁਦਾ ਵਿਚ ਸਾਰਾਹ ਦੇ ਵਿਸ਼ਵਾਸ ਬਾਰੇ ਲਿਖਿਆ ਹੈ, ''... ਉਹਨੇ ਵਾਇਦਾ ਕਰਨ ਵਾਲੇ ਨੂੰ ਵਫ਼ਾਦਾਰ ਜਾਣਿਆ'' (ਇਬਰਾਨੀਆਂ 11:11)।

(4) ਜ਼ਰੂਰੀ ਕਿਰਿਆ ਅਤੇ ਉਮੀਦ ਅਨੁਸਾਰ ਲਾਭ ਵਿਚ ਤਰਕਸੰਗਤ ਸਬੰਧ ਹੋਣਾ ਜ਼ਰੂਰੀ ਨਹੀਂ ਹੈ। ਇਸਰਾਏਲੀ ਯਰੀਹੋ ਦੀ ਸ਼ਹਿਰ ਪਨਾਹ ਦੇ ਡਿੱਗਣ ਅਤੇ ਆਪਣੇ ਕੰਮ ਵਿਚ ਕਿਸੇ ਤਰਕਸੰਗਤ ਸਬੰਧ ਦਾ ਅੰਦਾਜ਼ਾ ਨਹੀਂ ਲਾ ਸਕਦੇ ਸਨ; ਪ੍ਰਮੇਸ਼ਵਰ ਵਿਚ ਆਪਣੇ ਵਿਸ਼ਵਾਸ ਕਾਰਣ ਅੱਗੇ ਵਧ ਕੇ ਨਾਅਰੇ ਮਾਰਨ ਅਤੇ ਨਰਸਿੰਗੇ ਫੂਕਣ ਲੱਗੇ। ਉਨ੍ਹਾਂ ਨੇ ਵੇਖ ਕੇ

ਨਹੀਂ ਸਗੋਂ ਪ੍ਰਮੇਸ਼ਵਰ ਵਿਚ ਵਿਸ਼ਵਾਸ ਰਾਹੀਂ ਕੰਮ ਕੀਤਾ ਸੀ (ਇਬਰਾਨੀਆਂ 11:30; 2 ਕੁਰਿੰਥੀਆਂ 5:7)।

(5) ਵਿਸ਼ਵਾਸ ਨੂੰ ਆਪਣੇ ਆਪ ਪੂਰਾ ਹੋਣ ਵਿਚ ਨਹੀਂ, ਸਗੋਂ *ਪ੍ਰਮੇਸ਼ਵਰ ਪੂਰਾ ਕਰੇਗਾ,* ਵਿਚ ਥਾਂ ਦਿੱਤੀ ਗਈ ਹੈ। ਅਬਰਾਹਾਮ ਨੂੰ ਵਿਸ਼ਵਾਸ ਸੀ ਕਿ ਪ੍ਰਮੇਸ਼ਵਰ ਆਪਣੇ ਵਾਅਦੇ ਨੂੰ ਪੂਰਾ ਕਰਨ ਵਿਚ ਸਮਰੱਥ ਹੈ (ਰੋਮੀਆਂ 4:21)। ਅੱਗੇ ਵਧਣ ਵਾਲਿਆਂ ਨੂੰ ਵਿਸ਼ਵਾਸ ਸੀ ਕਿ ਉਨ੍ਹਾਂ ਦੀ ਤਾਕਤ ਨਾਲ ਨਹੀਂ ਸਗੋਂ ਪ੍ਰਮੇਸ਼ਵਰ ਦੀ ਸਮਰੱਥਾ ਨਾਲ ਯਰੀਹੋ ਸ਼ਹਿਰ ਦੀ ਸ਼ਹਿਰਪਨਾਹ ਡਿੱਗੇਗੀ। ਅਪਵਾਦ ਵੀ ਹੁੰਦੇ ਹਨ, ਜਿਸ ਵਿਚ ਪ੍ਰਮੇਸ਼ਵਰ ਨੇ ਹੁਕਮ ਦਿੱਤਾ ਅਤੇ ਆਦਮੀ ਨੂੰ ਕਿਸੇ ਕੰਮ ਲਈ ਪ੍ਰੇਰਿਤ ਕਰਨ ਲਈ ਉਸ ਤੋਂ ਵਿਸ਼ਵਾਸ ਦੀ ਮੰਗ ਕੀਤੀ ਗਈ ਤਾਂ ਜੋ ਉਮੀਦ ਮੁਤਾਬਕ ਫ਼ਲ ਮਿਲੇ। ਆਪਣੇ ਪਰਿਵਾਰ ਨੂੰ ਬਚਾਉਣ ਲਈ ਨੂਹ ਦੁਆਰਾ ਬੇੜਾ ਬਣਾਉਣਾ (ਇਬਰਾਨੀਆਂ 11:7) ਅਜਿਹਾ ਹੀ ਇਕ ਅਪਵਾਦ ਹੈ।

(6) ਵਿਸ਼ਵਾਸ ਵਾਅਦੇ ਨੂੰ ਪੂਰਾ ਕਰਨ ਦੀ ਪ੍ਰਮੇਸ਼ਵਰ ਦੀ ਸਮਰੱਥਾ ਨੂੰ ਮੰਨ ਲਵੇਗਾ ਭਾਵੇਂ ਵਿਅਕਤੀ ਨੂੰ ਪਤਾ ਨਾ ਹੋਵੇ ਕਿ ਪ੍ਰਮੇਸ਼ਵਰ ਉਸ ਵਾਅਦੇ ਨੂੰ ਕਿਵੇਂ ਪੂਰਾ ਕਰੇਗਾ। ਉਦਾਹਰਣ ਲਈ, ਅਬਰਾਹਾਮ ਆਪਣੇ ਪੁੱਤਰ ਦਾ ਬਲਿਦਾਨ ਕਰਨ ਲਈ ਤਿਆਰ ਸੀ ਜਿਹਦੇ ਰਾਹੀਂ ਪ੍ਰਮੇਸ਼ਵਰ ਨੇ ਉਹਨੂੰ ਅੰਸ ਦੇਣ ਦਾ ਵਾਅਦਾ ਕੀਤਾ ਸੀ (ਇਬਰਾਨੀਆਂ 11:17-19)। ਉਹਨੂੰ ਇਹ ਪਤਾ ਨਹੀਂ ਸੀ ਕਿ ਪ੍ਰਮੇਸ਼ਵਰ ਆਪਣੇ ਇਸ ਵਾਅਦੇ ਨੂੰ ਕਿਵੇਂ ਪੂਰਾ ਕਰੇਗਾ, ਪਰ ਉਹਨੂੰ ਇਨਾ ਵਿਸ਼ਵਾਸ ਸੀ ਕਿ ਪ੍ਰਮੇਸ਼ਵਰ ਇਸ ਨੂੰ ਪੂਰਾ ਜ਼ਰੂਰ ਕਰੇਗਾ। ਉਹਨੇ ਪ੍ਰਮੇਸ਼ਵਰ ਵੱਲੋਂ ਆਪਣੇ ਵਾਅਦੇ ਨੂੰ ਪੂਰਾ ਕਰਨ ਦੀ ਗੱਲ ਤੇ ਵਿਸ਼ਵਾਸ ਰੱਖ ਕੇ ਉਹਦਾ ਹੁਕਮ ਮੰਨਿਆ।

(7) ਵਿਸ਼ਵਾਸ ਅੱਖਾਂ ਮੀਟ ਕੇ ਹੁਕਮ ਮੰਨਣ ਦੇ ਨਿਯਮ ਤੋਂ ਅੱਗੇ ਨਿੱਕਲ ਜਾਂਦਾ ਹੈ। ਵਿਸ਼ਵਾਸ ਲਈ ਪ੍ਰਮੇਸ਼ਵਰ ਵਿਚ ਭਰੋਸਾ ਰੱਖਣਾ ਜ਼ਰੂਰੀ ਹੈ ਕਿ ਜੇ ਇਨਸਾਨ ਉਹਦੀ ਸ਼ਰਤ ਨੂੰ ਪੂਰਾ ਕਰੇ ਤਾਂ ਪ੍ਰਮੇਸ਼ਵਰ ਆਪਣੇ ਵਾਅਦੇ ਨੂੰ ਜ਼ਰੂਰ ਪੂਰਾ ਕਰੇਗਾ।

ਵਿਸ਼ਵਾਸ ਬਿਨਾਂ ਪ੍ਰਮੇਸ਼ਵਰ ਨੂੰ ਭਾਉਣਾ ਅਣਹੋਣਾ ਹੈ (ਇਬਰਾਨੀਆਂ 11:6)। ਪ੍ਰਮੇਸ਼ਵਰ ਉਨ੍ਹਾਂ ਲੋਕਾਂ ਤੋਂ ਜੋ ਉਸ ਨੂੰ ਭਾਉਣਾ ਚਾਹੁੰਦੇ ਹਨ ਉਸੇ ਵਿਸ਼ਵਾਸ ਦੀ ਇੱਛਾ ਕਰਦਾ ਹੈ ਜੋ ਕੰਮ ਕਰਦਾ ਹੈ। ਕਿਉਂਕਿ ਵਿਸ਼ਵਾਸ ਕਰਨ ਵਾਲੇ ਨੂੰ ਯਕੀਨ ਹੁੰਦਾ ਹੈ ਕਿ ਪ੍ਰਮੇਸ਼ਵਰ ਆਪਣੇ ਕੀਤੇ ਹੋਏ ਵਾਅਦੇ ਨੂੰ ਪੂਰਾ ਕਰੇਗਾ।

ਪ੍ਰਮੇਸ਼ਵਰ ਵਿਚ ਵਿਸ਼ਵਾਸ ਕਰਨ ਵਿਚ ਉਹਦੇ ਹੋਣ ਨੂੰ ਮੰਨਣ ਨਾਲੋਂ ਵੱਧ ਗੱਲਾਂ ਸ਼ਾਮਲ ਹਨ। ਪ੍ਰਮੇਸ਼ਵਰ ਇਹ ਚਾਹੁੰਦਾ ਹੈ ਕਿ ਉਹਦੀ ਇੱਛਾ ਨੂੰ ਪੂਰੀ ਕਰਨ ਦੀ ਇੱਛਾ ਕਰਨ ਵਾਲਾ ਭਰੋਸਾ ਰੱਖੇ ਕਿ ਉਹ ਉਸ ਨੂੰ ਫ਼ਲ ਦੇਵੇਗਾ (ਇਬਰਾਨੀਆਂ 11:6)। ਜੇ ਕਿਸੇ ਨੂੰ ਇਹ ਸਮਝ ਨਹੀਂ ਹੈ ਕਿ ਉਹਦੇ ਕੰਮ ਕਰਨ 'ਤੇ ਪ੍ਰਮੇਸ਼ਵਰ ਉਹਨੂੰ ਕੀ ਫ਼ਲ ਦੇਵੇਗਾ ਤਾਂ ਉਹ ਆਪਣੇ ਕੰਮ ਨਾਲ ਫ਼ਲ ਪਾਉਣ ਲਈ ਪ੍ਰਮੇਸ਼ਵਰ ਵਿਚ ਵਿਸ਼ਵਾਸ ਰੱਖ ਕੇ ਕੰਮ ਨਹੀਂ ਕਰ ਸਕਦਾ। ਵਾਅਦੇ ਦਾ ਹੁਕਮ ਤਾਂ ਨਹੀਂ ਮੰਨਿਆ ਜਾ ਸਕਦਾ, ਪਰ ਵਾਅਦੇ ਨੂੰ ਪਾਉਣ ਲਈ ਪ੍ਰਮੇਸ਼ਵਰ ਵਿਚ ਵਿਸ਼ਵਾਸ ਰੱਖ ਕੇ ਕੰਮ ਜ਼ਰੂਰ ਕੀਤਾ ਜਾ ਸਕਦਾ ਹੈ।

ਅੱਖਾਂ ਮੀਟ ਕੇ ਹੁਕਮ ਮੰਨਣਾ ਜਾਂ ਖੋਖਲੀ ਧਾਰਮਿਕ ਰਵਾਇਤ ਤੋਂ ਵਧ ਕੇ ਕੁਝ ਪਾਉਣ ਲਈ, ਪਾਠ ਦੇ ਸ਼ੁਰੂ ਵਿਚ ਦਿੱਤੀਆਂ ਗਈਆਂ ਪੰਜ ਗੱਲਾਂ ਵਿੱਚੋਂ (4 ਨੰਬਰ) ਬਪਤਿਸਮਾ ਇਕ ਹੋ ਸਕਦਾ ਹੈ। *ਬਪਤਿਸਮਾ ਪ੍ਰਮੇਸ਼ਵਰ ਦੁਆਰਾ ਦਿੱਤੇ ਵਾਅਦੇ ਦੀ ਬਰਕਤ ਨੂੰ ਪਾਉਣ ਲਈ*

*ਵਿਸ਼ਵਾਸ ਦਾ ਕੰਮ ਨਹੀਂ ਹੈ,* ਨਾ ਹੀ ਬਿਨਾਂ ਕੰਮ ਦੇ ਵਿਸ਼ਵਾਸ, ਨਾ ਅੱਖਾਂ ਮੀਟ ਕੇ ਮੰਨਣਾ, ਨਾ ਉਹ ਵਿਸ਼ਵਾਸ ਜਿਹੜਾ ਫ਼ਲ ਪਾਉਣ ਲਈ ਕੰਮ ਕਰਨ ਲਈ ਪ੍ਰੇਰਦਾ ਹੈ ਅਤੇ ਨਾ ਹੋਰਨਾਂ ਦਾ ਵਿਸ਼ਵਾਸ ਹੈ। ਪੌਲੁਸ ਦੁਆਰਾ ਬਪਤਿਸਮੇ ਦੀ ਚਰਚਾ ਵਿਚ ਜਿਸ ਤੇ ਅਸੀਂ ਬਾਅਦ ਵਿਚ ਗੱਲ ਕਰਾਂਗੇ ਬਪਤਿਸਮੇ ਨੂੰ ਅੱਖਾਂ ਮੀਟ ਕੇ ਹੁਕਮ ਮੰਨਣ ਨਾਲੋਂ ਵੱਧ ਦੱਸਿਆ ਗਿਆ ਹੈ।

ਬਪਤਿਸਮਾ ਪ੍ਰਮੇਸ਼ਵਰ ਦੁਆਰਾ ਬਰਕਤ ਦੇਣ ਦੇ ਵਾਅਦੇ ਨੂੰ ਨਹੀਂ ਸਗੋਂ ਓਸੇ ਨੂੰ ਪਾਉਣ ਲਈ ਵਿਸ਼ਵਾਸ ਨਾਲ ਕੀਤੇ ਕੰਮ ਦੀਆਂ ਸ਼ਰਤਾਂ ਨੂੰ ਪੂਰਾ ਕਰਦਾ ਹੈ। ਬੇਸ਼ੱਕ ਬਪਤਿਸਮੇ ਅਤੇ ਪਾਪਾਂ ਦੀ ਮਾਫ਼ੀ ਵਿਚ ਕਿਸੇ ਤਰਕਸੰਗਤ ਸਬੰਧ ਦਾ ਅੰਦਾਜ਼ਾ ਨਹੀਂ ਲਾਇਆ ਜਾ ਸਕਦਾ, ਪਰ ਪ੍ਰਭੂ ਭੋਜ ਵਾਂਗ ਹੀ, ਬਪਤਿਸਮੇ ਅਤੇ ਛੁਟਕਾਰੇ ਦੇ ਯਿਸੂ ਦੇ ਕੰਮ ਵਿਚ ਸਬੰਧ ਹੋਣਾ ਜ਼ਰੂਰੀ ਹੈ। ਪ੍ਰਭੂ ਭੋਜ ਵਿਚ ਅਖ਼ਮੀਰੀ ਰੋਟੀ ਖਾ ਕੇ ਅਤੇ ਪਿਆਲੇ ਵਿੱਚੋਂ ਪੀ ਕੇ ਬੰਦਾ ਰੂਹਾਨੀ ਅਰਥ ਵਿਚ ਯਿਸੂ ਦੀ ਦੇਹ ਅਤੇ ਉਹਦੇ ਲਹੂ ਵਿਚ ਭਾਈਵਾਲ ਹੁੰਦਾ ਹੈ (1 ਕੁਰਿੰਥੀਆਂ 10:16; 11:23-26)। ਬਪਤਿਸਮੇ ਵਿਚ ਅਸੀਂ ਦਿਲੋਂ ਉਸ ਸਿੱਖਿਆ ਨੂੰ ਮੰਨ ਕੇ ਜਿਹਦੇ ਸਾਂਚੇ ਵਿਚ ਢਾਲੇ ਜਾਂਦੇ ਹਾਂ, ਯਿਸੂ ਦੀ ਮੌਤ, ਦਫ਼ਨਾਏ ਜਾਣ ਅਤੇ ਜੀ ਉੱਠਣ ਵਿਚ ਸਾਂਝੀ ਹੁੰਦੇ ਹਾਂ (ਰੋਮੀਆਂ 6:4-6; 17, 18; ਕੁਲੁੱਸੀਆਂ 2:12)। ਅਜਿਹੀ ਸਮਝ ਅਤੇ ਰੂਹਾਨੀ ਹਿੱਸੇਦਾਰੀ ਦੇ ਬਿਨਾਂ ਪ੍ਰਭੂ-ਭੋਜ ਅਤੇ ਬਪਤਿਸਮਾ ਦੋਵੇਂ ਹੀ ਅੱਖਾਂ ਮੀਟ ਕੇ ਹੁਕਮ ਮੰਨਣ ਦੀਆਂ ਖੋਖਲੀਆਂ ਧਾਰਮਿਕ ਰਵਾਇਤਾਂ ਬਣ ਜਾਂਦੀਆਂ ਹਨ।

ਬਪਤਿਸਮੇ ਵਿਚ ਆਪਣੇ ਆਪ ਵਿਚ ਪਾਪ ਮਾਫ਼ ਕਰਨ ਦੀ ਸ਼ਕਤੀ ਨਹੀਂ ਹੈ। ਇਹਦਾ ਅਰਥ ਇਹ ਹੋਣਾ ਚਾਹੀਦਾ ਹੈ ਕਿ ਬਪਤਿਸਮੇ ਲਈ ਆਪਣੇ ਆਪ ਨੂੰ ਪੇਸ਼ ਕਰਨ ਵਾਲੇ ਲਈ ਇਸ ਨੂੰ ਪਾਉਣ ਲਈ ਆਪਣੀ ਸਮਰੱਥਾ ਜਾਂ ਯੋਗਤਾ 'ਤੇ ਆਪਣੇ ਵਿਸ਼ਵਾਸ ਜਾਂ ਬਪਤਿਸਮਾ ਦੇਣ ਵਾਲੇ 'ਤੇ ਜਾਂ, ਪਾਣੀ 'ਤੇ *ਨਹੀਂ* ਸਗੋਂ ਪਾਪਾਂ ਦੀ ਮਾਫ਼ੀ ਲਈ ਯਿਸੂ ਦੇ ਲਹੂ ਤੇ ਵਿਸ਼ਵਾਸ ਕਰਨਾ ਜ਼ਰੂਰੀ ਹੈ (ਰਸੂਲਾਂ ਦੇ ਕੰਮ 2:38)। ਬਪਤਿਸਮਾ ਲੈਣ ਸਮੇਂ ਜਦ ਤਕ ਮਨੁੱਖ ਬਪਤਿਸਮੇ ਅਰਥਾਤ ਯਿਸੂ ਦੇ ਲਹੂ ਅਤੇ ਪਾਪਾਂ ਦੀ ਮਾਫ਼ੀ ਵਿਚ ਬਣਾਏ ਪ੍ਰਮੇਸ਼ਵਰ ਦੇ ਸਬੰਧ ਨੂੰ ਨਹੀਂ ਸਮਝਦਾ, ਉਹਦਾ ਵਿਸ਼ਵਾਸ ਉਸ ਨੂੰ ਬਚਾ ਨਹੀਂ ਸਕਦਾ। ਯਿਸੂ ਦੇ ਲਹੂ ਦੀ ਸਮਰੱਥਾ ਵਿਚ ਵਿਸ਼ਵਾਸ ਨਾਲੋਂ ਬਪਤਿਸਮੇ ਨੂੰ ਵੱਖ ਕਰਨ ਵਾਲੀ ਕੋਈ ਵੀ ਸਿੱਖਿਆ ਲਹੂ ਵਿਚ ਵਿਸ਼ਵਾਸ ਤੋਂ ਬਿਨਾਂ ਖੋਖਲੀ ਧਾਰਮਿਕ ਰਸਮ ਹੈ।

ਕੁਝ ਕੰਮ ਆਪਣੇ ਆਪ ਵਿਚ ਹੀ ਗ਼ਲਤ ਹਨ (ਜਿਵੇਂ ਵਿਭਚਾਰ) ਅਤੇ ਕੁਝ ਉਨ੍ਹਾਂ ਦੇ ਨਾਲ ਜੁੜੇ ਉਦੇਸ਼ ਦੇ ਅਧਾਰ ਤੇ ਸਹੀ ਜਾਂ ਗਲਤ ਹੁੰਦੇ ਹਨ (ਜਿਵੇਂ ਕਿਸੇ ਆਦਮੀ ਦੁਆਰਾ ਔਰਤ ਵੱਲ ਤੱਕਣਾ)। ਬਪਤਿਸਮੇ ਵਿਚ ਕੋਈ ਵੀ ਅਜਿਹੀ ਗੱਲ ਨਹੀਂ ਹੈ ਜੋ ਇਸ ਦੇ ਕੰਮ ਨੂੰ ਸਹੀ ਜਾਂ ਗਲਤ ਬਣਾਉਂਦੀ ਹੋਵੇ। ਇਸ ਲਈ ਇਸ ਨੂੰ ਸਿਰਫ਼ ਇਸ ਕੰਮ ਨਾਲ ਜੁੜੇ ਵਿਸ਼ਵਾਸ ਅਤੇ ਉਦੇਸ਼ ਅਨੁਸਾਰ ਹੀ ਮੰਜ਼ੂਰ ਜਾਂ ਨਾਮੰਜ਼ੂਰ ਕੀਤਾ ਜਾਣਾ ਚਾਹੀਦਾ ਹੈ।